National Research Journal of Social Sciences
Volume-11, Issue-1, January-June 2026
PP: 292-295
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ ਅਤੇ ਯਾਤਰਾਵਾਂ

**ਨੇਹਾ ਕੁਮਾਰੀ**

ਸਹਾਇਕ ਪ੍ਰੋਫੈਸਰ
ਇਤਿਹਾਸ ਵਿਭਾਗ, ਮਾਸਟਰ ਤਾਰਾਸਿੰਘ ਮੈਮੋਰੀਅਲ ਕਾਲਜ ਫ਼ਾਰ ਵੋਮੈਨ, ਲੁਧਿਆਣਾ

**ਸਾਰਾਂਸ਼**

ਸ੍ਰੀ ਗੁਰੂ ਤੇਗ ਬਹਾਦਰ ਜੀ, ਸਿੱਖਾਂ ਦੇ ਨੌਵੇਂ ਗੁਰੂ ਸਨ। ਆਪ ਜੀ ਦਾ ਜੀਵਨ ਧਰਮ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੀਤੀ ਗਈ ਮਹਾਨ ਕੁਰਬਾਨੀ ਦੀ ਗਾਥਾ ਹੈ। ਇਸ ਖੋਜ ਪੱਤਰ ਵਿੱਚ ਉਨ੍ਹਾਂ ਦੇ ਆਰੰਭਿਕ ਜੀਵਨ, ਗੁਰਗੱਦੀ ਪ੍ਰਾਪਤੀ, ਦੇਸ਼-ਦੇਸ਼ਾਂਤਰ ਦੀਆਂ ਯਾਤਰਾਵਾਂ ਅਤੇ ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਉਨ੍ਹਾਂ ਦੇ ਅਦੁੱਤੀ ਬਲੀਦਾਨ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਗੁਰੂ ਜੀ ਨੇ ਆਪਣਾ ਲੰਮਾ ਸਮਾਂ ਪਿੰਡ ਬਾਬਾ ਬਕਾਲਾ ਵਿਖੇ ਬਤੀਤ ਕੀਤਾ ਅਤੇ ਭੋਰੇ ਵਿੱਚ ਭਗਤੀ ਕੀਤੀ। ਗੁਰਗੱਦੀ ਪ੍ਰਾਪਤ ਕਰਨ ਤੋਂ ਬਾਅਦ, ਆਪ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਕਈ ਲੰਮੀਆਂ ਯਾਤਰਾਵਾਂ ਕੀਤੀਆਂ। ਗੁਰੂ ਜੀ ਪੰਜਾਬ ਤੋਂ ਹੁੰਦੇ ਹੋਏ ਹਰਿਆਣਾ, ਦਿੱਲੀ, ਬੰਗਾਲ ਅਤੇ ਅਸਾਮ ਤੱਕ ਗਏ, ਜਿੱਥੇ ਉਹਨਾਂ ਨੇ ਕਈ ਨਵੇਂ ਸਿੱਖ ਕੇਂਦਰ ਸਥਾਪਿਤ ਕੀਤੇ ਅਤੇ ਲੋਕਾਂ ਨੂੰ ਸੱਚਾ ਮਾਰਗ ਦੱਸਿਆ। ਗੁਰੂ ਜੀ ਨੇ ਮਾਖੋਵਾਲ ਦੀ ਧਰਤੀ ਖਰੀਦ ਕੇ ਚੱਕ-ਨਾਨਕੀ (ਅਨੰਦਪੁਰ ਸਾਹਿਬ) ਨਗਰ ਵਸਾਇਆ। ਗੁਰੂ ਜੀ ਦੁਆਰਾ ਲਿਖੀਆਂ ਗਈਆਂ ਪਵਿੱਤਰ ਰਚਨਾਵਾਂ ਸਿੱਖਾਂ ਦੇ ਮੁੱਖ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਸ਼ਾਮਲ ਹਨ, ਜੋ ਨਿਰਲੇਪਤਾ, ਨਿਡਰਤਾ ਅਤੇ ਪਰਮਾਤਮਾ ਦੇ ਨਾਮ ਦੀ ਮਹੱਤਤਾ 'ਤੇ ਜ਼ੋਰ ਦਿੰਦੀਆਂ ਹਨ। ਆਪ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ, ਕਿਉਂਕਿ ਆਪ ਜੀ ਨੇ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ, ਮੁਗਲ ਬਾਦਸ਼ਾਹ ਔਰੰਗਜ਼ੇਬ ਦੁਆਰਾ ਕੀਤੇ ਜਾ ਰਹੇ ਜ਼ਬਰਦਸਤੀ ਧਰਮ ਪਰਿਵਰਤਨ ਦਾ ਵਿਰੋਧ ਕੀਤਾ। ਜਿਸ ਕਾਰਣ ਗੁਰੂ ਜੀ ਨੂੰ 1675 ਈ. ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿਖੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦਾ ਬਲੀਦਾਨ, ਨਾ ਸਿਰਫ਼ ਸਿੱਖ ਇਤਿਹਾਸ, ਬਲਕਿ ਵਿਸ਼ਵ ਇਤਿਹਾਸ ਵਿੱਚ ਵੀ ਧਰਮ ਨਿਰਪੱਖਤਾ ਅਤੇ ਵਿਸ਼ਵਾਸ ਦੀ ਆਜ਼ਾਦੀ ਦਾ ਇੱਕ ਪ੍ਰੇਰਣਾ ਸਰੋਤ ਹੈ।

**ਕੁੰਜੀ ਸ਼ਬਦ** - ਸ੍ਰੀ ਗੁਰੂ ਤੇਗ ਬਹਾਦਰ ਜੀ, ਧਰਮ ਦੀ ਆਜ਼ਾਦੀ, ਧਰਮ ਪ੍ਰਚਾਰ ਯਾਤਰਾਵਾਂ, ਬਾਬਾ ਬਕਾਲਾ, ਚੱਕ-ਨਾਨਕੀ, ਹਿੰਦ ਦੀ ਚਾਦਰ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1621 ਈ ਵਿੱਚ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਜੀ ਦਾ ਨਾਮ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਜੀ ਦਾ ਨਾਮ ਨਾਨਕੀ ਜੀ ਸੀ। ਗੁਰੂ ਤੇਗ਼ ਬਹਾਦੁਰ ਜੀ ਦਾ ਬਚਪਨ ਦ ਨਾਮ ਤਿਆਗ ਮਲ ਸੀ। ਗੁਰੂ ਜੀ ਦੇ ਚਾਰ ਭਰਾ ਸਨ - ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਲ, ਬਾਬਾ ਅਣੀ ਰਾਇ ਜੀ ਅਤੇ ਬਾਬਾ ਅਟਲ ਰਾਇ ਜੀ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਆਰੰਭਿਕ ਸਿੱਖਿਆ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਜੀ ਤੋ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਗੁਰੂ ਜੀ ਨੇ ਆਪਣੀ ਬੁਨਿਆਦੀ ਸਿੱਖਿਆ ਭਾਈ ਗੁਰਦਾਸ ਜੀ ਤੋਂ ਪ੍ਰਾਪਤ ਕੀਤੀ। ਕੁਝ ਸਮੇਂ ਬਾਅਦ ਆਪ ਜੀ ਨੂੰ ਪਿਤਾ ਗੁਰੂ ਹਰਿ ਰਾਏ ਜੀ ਨੇ ਬਾਬਾ ਬੁੱਢਾ ਜੀ ਕੋਲ ਭੇਜ ਦਿੱਤਾ। ਬਾਬਾ ਬੁੱਢਾ ਜੀ ਦੇ ਮੂੰਹੋ ਕਿਰਤ ਦਾ ਮਹੱਤਵ ਸੁਣ ਕੇ ਗੁਰੂ ਜੀ ਨੇ ਆਪਣੇ ਨਾਲ ਇਕ ਵਚਨ ਕੀਤਾ ਕਿ "ਗੁਰੂ ਨਾਨਕ ਦੇ ਘਰ ਦੀ ਮਹਿਮਾ ਕਿਰਤ- ਕਮਾਈ" (ਕੜੀ ਮਿਹਨਤ) ਹੈ। ਆਪ ਜੀ ਨੇ ਗੁਰਬਾਣੀ ਅਤੇ ਕਈ ਧਾਰਮਿਕ ਸਿੱਖਿਆਵਾਂ ਦੇ ਨਾਲ-ਨਾਲ ਸ਼ਸਤਰਾਂ ਦਾ ਪ੍ਰਯੋਗ ਤੇ ਘੋੜ-ਸਵਾਰੀ ਦੀ ਵੀ ਸਿੱਖਿਆ ਹਾਸਿਲ ਕੀਤੀ।

14 ਸਤੰਬਰ 1632 ਈ ਵਿੱਚ ਆਪ ਜੀ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਸ੍ਰੀ ਲਾਲ ਚੰਦ ਜੀ ਦੀ ਬੇਟੀ ਗੁਜਰੀ ਨਾਲ ਹੋਇਆ। ਜਿਸ ਸਮੇਂ ਆਪ ਦਾ ਵਿਆਹ ਹੋਇਆ ਉਸ ਸਮੇਂ ਗੁਰੂ ਜੀ ਦੀ ਉਮਰ 11 ਸਾਲ ਸੀ ਤੇ 1666 ਈ ਵਿਚ ਆਪ ਜੀ ਦੇ ਘਰੇ ਇਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਮ ਗੋਬਿੰਦ ਰਾਇ ਰੱਖਿਆ ਗਿਆ ਜੋ ਕਿ ਅੱਗੇ ਚਲ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜਾਣੇ ਗਏ। 1634 ਈ ਵਿੱਚ ਕਰਤਾਰਪੁਰ ਦੇ ਯੁੱਧ ਵਿਚ ਤਿਆਗ ਮਲ ਜੀ ਨੇ ਆਪਣੀ ਵੀਰਤਾ ਦੇ ਚੰਗੇ ਗੁਣ ਦਿਖਾਏ। ਜਿਸ ਕਾਰਣ ਪਿਤਾ ਹਰਿ ਗੋਬਿੰਦ ਸਾਹਿਬ ਜੀ ਨੇ ਆਪ ਨੂੰ 'ਤੇਗ਼ ਬਹਾਦੁਰ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਤੇ ਅੱਗੇ ਚਲ ਕੇ ਆਪ ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ ਨਾਂ ਨਾਲ ਪ੍ਰਸਿੱਧ ਹੋਏ।

ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰਗੱਦੀ ਮਿਲਣ ਤਕ ਆਪ ਲਗਭਗ 20 ਸਾਲ ਪ੍ਰਭੂ ਭਗਤੀ 'ਚ ਲੀਨ ਰਹੇ। ਗੁਰ ਇਤਿਹਾਸ 'ਚ ਪਹਿਲੀ ਵਾਰ ਅਜਿਹਾ ਹੋਇਆ ਕਿ ਦਿੱਲੀ ਤੋਂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਨੇ ਬਾਬਾ ਬਕਾਲਾ ਵਿਖੇ ਭਗਤੀ 'ਚ ਲੀਨ ਤੇਗ ਬਹਾਦਰ ਜੀ ਨੂੰ ਗੁਰਿਆਈ ਸੌਂਪੀ। ਇਸ ਤੋਂ ਪਹਿਲਾਂ ਹਰ ਗੁਰੂ ਸਾਹਿਬ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਹੱਥੀਂ ਆਪਣੇ ਉਤਰਾਧਿਕਾਰੀ ਨੂੰ ਗੁਰਿਆਈ ਦੀ ਜ਼ਿੰਮਵਾਰੀ ਸੌਂਪੀ ਪਰ ਅੱਠਵੇਂ ਪਾਤਸ਼ਾਹ ਨੂੰ ਦਿੱਲੀ 'ਚ ਚੇਚਕ ਦੇ ਰੋਗੀਆਂ ਦੀ ਸੇਵਾ ਕਰਦੇ-ਕਰਦੇ ਖ਼ੁਦ ਨੂੰ ਚੇਚਕ ਹੋ ਗਈ ਤਾਂ 1664 ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਵੱਲ ਗੁਰਿਆਈ ਦਾ ਇਸ਼ਾਰਾ ਕਰਦਿਆਂ ਕਿਹਾ -- 'ਬਾਬਾ ਬਕਾਲਾ'। ਗੁਰੂ ਸਾਹਿਬ ਦੇ ਇਹ ਬਚਨ ਸੁਣਨ ਤੋਂ ਬਾਅਦ ਬਹੁਤ ਸਾਰੇ ਪਾਖੰਡੀਆਂ ਨੇ, ਜਿਨ੍ਹਾਂ ਵਿਚ ਬਾਬਾ ਗੁਰਦਿਤਾ ਜੀ ਦਾ ਪੁੱਤਰ ਧੀਰ ਮੱਲ ਮੁੱਖ ਸੀ, ਉਹਨਾਂ ਨੇ ਬਕਾਲੇ ਵਿਚ ਡੇਰੇ ਲਗਾ ਲਏ। ਗੁਰਗੱਦੀ ਦੇ ਕਰੀਬ 22 ਦਾਅਵੇਦਾਰ ਜੋ ਆਪਣੇ-ਆਪ ਨੂੰ ਗੁਰੂ ਅਖਵਾਉਂਦੇ ਰਹੇ, ਬਕਾਲੇ ਵਿਖੇ ਮੰਜੀਆਂ ਲਗਾ ਕੇ ਬੈਠ ਗਏ ਤੇ ਸੰਗਤਾਂ ਨੂੰ ਗੁੰਮਰਾਹ ਕਰ ਕੇ ਭੇਟਾ ਉਗਰਾਹੁਣ ਲੱਗੇ। ਇਹ ਸਭ ਵੇਖ ਤੇ ਸਮਝ ਕੇ ਵੀ ਗੁਰੂ ਤੇਗ ਬਹਾਦਰ ਜੀ ਚੁੱਪ ਰਹੇ ਅਤੇ ਸ਼ਾਂਤ ਤੇ ਅਡੋਲ ਚਿੱਤ ਹੋ ਕੇ ਇਕਾਂਤ ਵਿਚ ਬੈਠ ਭਜਨ-ਬੰਦਗੀ ਕਰਦੇ ਰਹੇ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਾਰਚ 1665 ਵਿਚ ਇਕ ਵਪਾਰੀ ਮੱਖਣ ਸ਼ਾਹ ਲੁਬਾਣਾ, ਜੋ ਗੁਰੂ ਘਰ ਦਾ ਸ਼ਰਧਾਲੂ ਸੀ, ਆਪਣੀ ਅਰਦਾਸ ਦੀਆਂ 500 ਮੋਹਰਾਂ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਬਕਾਲੇ ਪੁੱਜਾ। ਇੱਥੇ ਤਾਂ ਕਈ ਗੁਰੂ ਬਣੇ ਬੈਠੇ ਸਨ। ਅਰਦਾਸ ਦੀ ਭੇਟਾ ਉਹ ਕਿਸ ਨੂੰ ਦੇਵੇ? ਇਹ ਸਮਝ ਨਹੀਂ ਆਈ। ਮੱਖਣ ਸ਼ਾਹ ਨੇ ਮਨ ਹੀ ਮਨ ਸੱਚੇ ਗੁਰੂ ਅੱਗੇ ਅਰਦਾਸ ਕੀਤੀ ਕਿ ਤੁਸੀਂ ਆਪਣੀ ਭੇਟਾ ਆਪ ਹੀ ਮੰਗ ਲੈਣਾ। ਇਹ ਅਰਦਾਸ ਕਰਕੇ ਉਹ ਹਰ ਮੰਜੀ ਤੇ ਬੈਠੇ ਆਪੋ ਬਣੇ ਗੁਰੂਆਂ ਅੱਗੇ 2-2 ਮੋਹਰਾਂ ਰੱਖ ਕੇ ਮੱਥਾ ਟੇਕਦਾ ਗਿਆ, ਸੋਚਿਆ- ਜੋ ਅਸਲੀ ਗੁਰੂ ਹੋਵੇਗਾ ਆਪ ਆਪਣੀ ਅਮਾਨਤ ਮੰਗ ਲਵੇਗਾ। 2-2 ਮੋਹਰਾਂ ਲੈ ਕੇ ਸਭ ਖੁਸ਼ ਹੋ ਜਾਂਦੇ ਤੇ ਆਸ਼ੀਰਵਾਦ ਦਿੰਦੇ ਪਰ ਅਸਲੀ ਭੇਟਾ ਕਿਸੇ ਨੇ ਵੀ ਨਹੀਂ ਮੰਗੀ। ਪਰੇਸ਼ਾਨ ਹੋਏ ਮੱਖਣ ਸ਼ਾਹ ਨੂੰ ਕਿਸੇ ਨੇ ਗੁਰੂ ਤੇਗ ਬਹਾਦਰ ਬਾਰੇ ਦੱਸਿਆ ਕਿ ਇਕ ਹੋਰ ਸੰਤ ਵੀ ਹੈ ਜੋ ਜ਼ਿਆਦਾਤਰ ਭੋਰੇ ਵਿਚ ਬੈਠ ਉਸ ਅਕਾਲ ਪੁਰਖ ਦੀ ਭਗਤੀ 'ਚ ਰਹਿੰਦਾ ਹੈ। ਮੱਖਣ ਸ਼ਾਹ ਗੁਰੂ ਸਾਹਿਬ ਕੋਲ ਪਹੁੰਚ ਗਿਆ ਤੇ ਇਥੇ ਵੀ 2 ਮੋਹਰਾਂ ਰੱਖ ਕੇ ਮੱਥਾ ਟੇਕਿਆ। ਗੁਰੂ ਤੇਗ ਬਹਾਦਰ ਜੀ ਨੇ ਅੱਖਾਂ ਖੋਲ੍ਹੀਆਂ ਤੇ ਬੋਲੇ 'ਭਾਈ ਸਿੱਖਾ! ਗੁਰੂ ਦੀ ਅਮਾਨਤ ਦਿੱਤੀ ਹੀ ਭਲੀ ਹੁੰਦੀ ਹੈ, 500 ਵਿਚੋਂ ਕੇਵਲ ਦੋ ਮੋਹਰਾਂ ? ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਮੱਖਣ ਸ਼ਾਹ ਖੁਸ਼ੀ ਨਾਲ ਗਦਗਦ ਹੋ ਉਠਿਆ। ਉਸਨੇ ਕੋਠੇ ਚੜ੍ਹ ਕੇ ਉੱਚੀ-ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ - 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਸੰਗਤਾਂ ਵੀ ਚਾਅ ਤੇ ਖੇੜੇ ਵਿਚ ਦਰਸ਼ਨਾਂ ਲਈ ਨੱਸ ਤੁਰੀਆਂ, ਭੇਟਾ ਦੇ ਢੇਰ ਲੱਗ ਗਏ। ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਅਤੇ ਉਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਪ੍ਰਚਾਰਕ ਦੌਰੇ ਆਰੰਭ ਕੀਤੇ।

ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ - ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਸਿੱਖ ਇਤਿਹਾਸ ਦਾ ਇੱਕ ਬਹੁਤ ਹੀ ਮਹੱਤਵਪੂਰਨ ਅੰਗ ਹੈ, ਜਿਨ੍ਹਾਂ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ: 1. ਪੰਜਾਬ ਅਤੇ ਮਾਲਵਾ ਖੇਤਰ ਦੀ ਯਾਤਰਾ 2. ਪੂਰਬੀ ਭਾਰਤ ਦੀ ਲੰਮੀ ਯਾਤਰਾ

1. ਪੰਜਾਬ ਖੇਤਰ ਦੀਆਂ ਯਾਤਰਾਵਾਂ (ਮਾਲਵਾ ਸਮੇਤ) - ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਆਪਣੇ ਪ੍ਰਚਾਰ ਦਾ ਕੰਮ ਪੰਜਾਬ ਤੋਂ ਸ਼ੁਰੂ ਕੀਤਾ।

- ਅੰਮ੍ਰਿਤਸਰ ਅਤੇ ਆਸ-ਪਾਸ ਦੇ ਖੇਤਰ - ਤੇਗ਼ ਬਹਾਦਰ ਜੀ ਨਵੰਬਰ, 1664 ਈ. ਵਿੱਚ ਸਭ ਤੋਂ ਪਹਿਲਾਂ ਬਾਬਾ ਬਕਾਲਾ ਤੋਂ ਅੰਮ੍ਰਿਤਸਰ ਪਹੁੰਚੇ। ਅੰਮ੍ਰਿਤਸਰ ਵਿੱਚ ਆਪ ਦਾ ਜਨਮ ਹੋਇਆ ਸੀ ਅਤੇ ਬਚਪਨ ਗੁਜ਼ਰਿਆ ਸੀ। ਉਸ ਸਮੇਂ ਹਰਿਮੰਦਰ ਪਿੰਡ ਤੇ ਪ੍ਰਿਥੀ ਚੰਦ ਦੇ ਪੋਤਰੇ ਹਰਜੀ ਮੀਣਾ ਦਾ ਕਬਜ਼ਾ ਸੀ। ਉਹ ਉੱਥੇ ਕੁਝ ਭ੍ਰਿਸਟਾਚਾਰੀ ਮਸੰਦਾਂ ਨਾਲ ਮਿਲ ਕੇ ਆਪ ਗੁਰੂ ਬਣੀ ਬੈਠਾ ਸੀ। ਜਦੋਂ ਉਸ ਨੂੰ ਗੁਰੂ ਸਾਹਿਬ ਦੇ ਆਉਣ ਦੀ ਖ਼ਬਰ ਮਿਲੀ ਤਾਂ ਉਸ ਨੂੰ ਆਪਣੀ ਗੱਦੀ ਦਾ ਫ਼ਕਿਰ ਪੈ ਗਿਆ। ਇਸ ਲਈ ਉਸ ਨੇ ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ਿਆਂ ਨੂੰ ਬੰਦ ਕਰਵਾ ਦਿੱਤਾ ਤਾਂ ਕਿ ਗੁਰੂ ਸਾਹਿਬ ਅੰਦਰ ਤਖ਼ਤ ਨਾ ਹੋ ਸਕਣ। ਜਦੋਂ ਗੁਰੂ ਸਾਹਿਬ ਇੱਥੇ ਪਹੁੰਚੇ ਤਾਂ ਦਰਵਾਜ਼ਿਆਂ ਨੂੰ ਬੰਦ ਵੇਖ ਕੇ ਉਨ੍ਹਾਂ ਨੂੰ ਦੁੱਖ ਹੋਇਆ। ਇਸ ਲਈ ਉਹ ਅਕਾਲ ਤਖ਼ਤ ਸਾਹਿਬ ਦੇ ਨੇੜੇ ਸਥਿਤ ਇੱਕ ਰੁੱਖ ਥੱਲੇ ਜਾ ਬਿਰਾਜੇ। ਇਸ ਜਗ੍ਹਾ 'ਤੇ ਅੱਜ-ਕਲ੍ਹ ਇੱਕ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਨੂੰ "ਥੜ੍ਹਾ ਸਾਹਿਬ' ਕਹਿੰਦੇ ਹਨ।
- ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਰਨ ਤਾਰਨ, ਖੇਮਕਰਨ ਆਦਿ - ਗੁਰੂ ਤੇਗ਼ ਬਹਾਦੁਰ ਜੀ ਖਡੂਰ ਸਾਹਿਬ, ਗੋਇੰਦਵਾਲ਼ ਸਾਹਿਬ ਤੋਂ ਹੁੰਦੇ ਹੋਏ ਤਰਨ ਤਾਰਨ ਪਹੁੰਚੇ। ਤਰਨ ਤਾਰਨ ਉਸ ਸਮੇਂ ਸਿੱਖਾਂ ਦਾ ਇੱਕ ਪ੍ਰਸਿੱਧ ਧਰਮ ਪ੍ਰਚਾਰ ਕੇਂਦਰ ਬਣ ਗਿਆ ਸੀ। ਇਸ ਤੋਂ ਬਾਅਦ ਗੁਰੂ ਸਾਹਿਬ ਖੇਮਕਰਨ ਗਏ। ਇੱਥੋਂ ਦੇ ਇੱਕ ਸ਼ਰਧਾਲ ਚੌਧਰੀ ਰਘੁਪਤ ਰਾਏ ਨੇ ਗੁਰੂ ਸਾਹਿਬ ਨੂੰ ਇੱਕ ਘੋੜੀ ਭੇਟ ਕੀਤੀ। ਇਨ੍ਹਾਂ ਸਾਰੀਆਂ ਥਾਂਵਾਂ 'ਤੇ ਗੁਰ ਸਾਹਿਬ ਨੇ ਸੈਂਕੜੇ ਲੋਕਾਂ ਨੂੰ ਆਪਣਾ ਉਪਦੇਸ਼ ਦਿੱਤਾ ਅਤੇ ਉਨਾਂ ਨੂੰ ਨਾਮ ਦੇ ਨਾਲ ਜੋੜਿਆ। ਇਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਮਾਲਵਾ ਪਦੇਸ਼ ਵਿੱਚ ਪਹੁੰਚੇ।
- ਮਾਲਵਾ ਅਤੇ ਬਾਂਗਰ ਖੇਤਰ ਦੀ ਯਾਤਰਾ (1673 -74 ਈ.) - ਮਾਲਵਾ ਖੇਤਰ ਸਮਾਜਿਕ ਅਤੇ ਆਰਥਿਕ ਤੌਰ 'ਤੇ ਬਹੁਤ ਪੱਛੜਿਆ ਹੋਇਆ ਸੀ ਅਤੇ ਪਾਣੀ ਦੀ ਘਾਟ ਕਾਰਨ ਉਥੋਂ ਦੇ ਲੋਕ ਬਹੁਤ ਦੁਖੀ ਸਨ। ਗੁਰੂ ਜੀ ਨੇ ਇਸ ਖੇਤਰ ਵਿੱਚ ਲਗਭਗ ਡੇਢ ਸਾਲ ਯਾਤਰਾ ਕੀਤੀ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਦੀ ਪਤਨੀ ਗੁਜਰੀ ਅਤੇ ਬਾਲਕ ਸ੍ਰੀ ਗੋਬਿੰਦ ਰਾਇ ਵੀ ਉਹਨ ਦੇ ਨਾਲ ਹੀ ਸਨ। ਉਹਨੀ ਦਿਨੀਂ ਲੋਕਾਂ ਵਿਚ ਔਰੰਗਜੇਬ ਦੀ ਧਾਰਮਿਕ ਕੱਟੜਤਾ ਦੀ ਨੀਤੀ ਦਾ ਜ਼ੋਰ ਵੀ ਫੈਲਿਆ ਹੋਇਆ ਸੀ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਭੈ ਕਾਹੂ ਕੋ ਦੇਤਿ ਨਾਹਿ ਨਾਹਿ ਭੈ ਮਾਣਤ ਆਨਿ ਨਾ ਕਿਸੇ ੱ ਉਹ ਡਰਾਓ ਅਤੇ ਨਾ ਹੀ ਕਿਸੇ ਤੋਂ ਡਰੋ। ਅਜਿਹਾ ਉਪਦੇਸ਼ ਦੇ ਕੇ ਉਹਨਾਂ ਨੇ ਹਿੰਦੂਆਂ ਦਾ ਮਨੋਬਲ ਉੱਚਾ ਕੀਤਾ। ਉਹ ਪਟਿਆਲਾ ਦੇ ਨੇੜੇ ਤੇੜੇ ਦੇ ਪਿੰਡਾਂ-ਮੂਲੇਵਾਰ, ਸੇਖ, ਢਿਲਵਾਂ ਅਤੇ ਬਠਿੰਡਾ ਜਲ੍ਹਿ ਦੇ ਜੋਗਾ, ਭਿੱਖੀ, ਖਿਆਲਾ, ਤਲਵੰਡੀ ਅਤੇ ਬਠਿੰਡਾ ਆਦਿ ਥਾਵਾਂ ਤੇ ਗਏ। ਉਹਨਾਂ ਨੇ ਕਈ ਥਾਵਾਂ ਤੇ ਦੀਵਾਨਾ ਵਿਚ ਵੱਡੀ ਗਿਣਤੀ ਵਿਚ ਹਾਜ਼ਰ ਸਿੱਖ ਸੰਗਤ ਨੂੰ ਸੰਬੋਧਿਤ ਕੀਤਾ ਅਤੇ ਉਹਨਾਂ ਨੂੰ ਧਰਮ ਦੇ ਅਸਲੀ ਰੂਪ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਕਾਇਰਤਾ ਤੇ ਡਰ ਨੂੰ ਛੱਡ ਨਿਡਰਤਾ ਨਾਲ ਆਪਣੇ ਧਰਮ ਦੀ ਪਾਲਣਾ ਕਰਨ। ਆਪ ਜੀ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਖੂਹ ਲਗਵਾਏ, ਠੰਢੇ ਜਲ ਦੇ ਪ੍ਰਬੰਧ ਕਰਵਾਏ, ਅਤੇ ਲੋਕਾਂ ਨੂੰ ਖੇਤੀ ਅਤੇ ਡੇਅਰੀ ਫਾਰਮਿੰਗ ਲਈ ਪ੍ਰੇਰਿਤ ਕੀਤਾ।

2. ਪੂਰਬੀ ਭਾਰਤ ਦੀ ਲੰਮੀ ਯਾਤਰਾ - ਪੰਜਾਬ ਦੀਆਂ ਯਾਤਰਾਵਾਂ ਤੋਂ ਬਾਅਦ ਗੁਰੂ ਤੇਗ਼ ਬਹਾਦਰ ਜੀ ਨੇ ਪੂਰਬੀ ਭਾਰਤ ਦੀਆਂ ਯਾਤਰਾਵਾਂ ਕਰਨ ਦਾ ਫੈਸਲਾ ਕੀਤਾ। ਇਨ੍ਹਾਂ ਯਾਤਰਾਵਾਂ ਵਿੱਚ ਗੁਰੂ ਸਾਹਿਬ ਦੀ ਪਤਨੀ, ਉਨ੍ਹਾਂ ਦੇ ਮਾਤਾ ਜੀ ਅਤੇ ਕੁਝ ਸ਼ਰਧਾਲੂ ਸਿੱਖਾਂ (ਭਾਈ ਦਿਆਲ ਦਾਸ, ਭਾਈ ਮਤੀ ਦਾਸ, ਭਾਈ ਸਤੀ ਦਾਸ ਆਦਿ) ਸਮੇਤ ਪੰਜਾਬ ਤੋਂ ਪੂਰਬ ਵੱਲ ਚੱਲ ਪਏ। ਇਹ ਗੁਰੂ ਜੀ ਦੀ ਸਭ ਤੋਂ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਹੱਤਵਪੂਰਨ ਅਤੇ ਲੰਮੀ ਯਾਤਰਾ ਸੀ, ਜਿਸ ਦਾ ਮੁੱਖ ਉਦੇਸ਼ ਪੂਰਬੀ ਪ੍ਰਾਂਤਾਂ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸੰਗਤਾਂ ਨੂੰ ਮਿਲਣਾ ਅਤੇ ਗੁਰਮਤਿ ਦਾ ਪ੍ਰਚਾਰ ਕਰਨਾ ਸੀ। ਇਨ੍ਹਾਂ ਯਾਤਰਾਵਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ-

- ਅਨੰਦਪੁਰ ਸਾਹਿਬ ਦੀ ਸਥਾਪਨਾ - ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਦੀ ਜ਼ੰਿਮੇਵਾਰੀ ਸੰਭਾਲਣ ਉਪਰੰਤ 1665 ਵਿੱਚ ਆਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ ਸੀ। ਗੁਰੂ ਤੇਗ ਬਹਾਦਰ ਜੀ ਨੇ ਕੀਰਤਪੁਰ ਸਾਹਿਬ ਤੋਂ 9 ਕਿਲੋਮੀਟਰ ਦੂਰ ਪਹਾੜਾਂ ਵੱਲ ਆਨੰਦਪੁਰ ਸਾਹਿਬ ਵਸਾਇਆ ਸੀ। ਇਸ ਦਾ ਪਹਿਲਾ ਨਾਮ ਮਾਖੋਵਾਲ ਸੀ। ਦੰਦਕਥਾ ਮੁਤਾਬਕ ਇੱਥੇ ਮਾਖੋ ਨਾਮ ਦਾ ਇੱਕ ਡਾਕੂ ਰਹਿੰਦਾ ਸੀ, ਜਿਹੜਾ ਇੱਥੇ ਕਿਸੇ ਨੂੰ ਵੱਸਣ ਨਹੀਂ ਦਿੰਦਾ ਸੀ। ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਂ 'ਤੇ ਚੱਕ ਨਾਨਕੀ ਨਾਮੀ ਨਗਰ ਵਸਾਇਆ ਤਾਂ ਮਾਖੋ ਡਾਕੂ ਭੱਜ ਗਿਆ। ਇਥੇ ਹੀ 9 ਸਾਲ ਦੀ ਉਮਰ ਵਿੱਚ ਬਾਲਕ ਗੋਬਿੰਦ ਰਾਏ ਨੇ ਚੱਕ ਨਾਨਕੀ ਤੋਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤ ਦੇਣ ਲਈ ਆਪਣੇ ਹੱਥੀਂ ਦਿੱਲੀ ਵੱਲ ਤੋਰਿਆ ਸੀ। ਪਹਿਲਾ ਇਸ ਸ਼ਹਿਰ ਦਾ ਨਾਮ' ਚਕ ਨਾਨਕੀ' ਰੱਖਿਆ ਗਿਆ ਜੋ ਬਾਅਦ ਵਿੱਚ ਆਨੰਦਪੁਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਜਲਦੀ ਹੀ ਇਹ ਨਗਰ ਸਿੱਖਾਂ ਦਾ ਇੱਕ ਮਹੱਤਵਪੂਰਨ ਕੇਂਦਰ ਬਣ ਗਿਆ।

- ਸੈਫ਼ਾਬਾਦ ਅਤੇ ਧਮਧਾਨ - ਅਗਸਤ, 1665 ਈ. ਵਿੱਚ ਗੁਰੂ ਤੇਗ਼ ਬਹਾਦਰ ਜੀ ਚੱਕ ਨਾਨਕੀ ਤੋਂ ਸੈਫ਼ਾਬਾਦ ਪਹੁੰਚੇ। ਇੱਥੇ ਉਹ ਸੈਫ਼ ਖ਼ਾਂ ਨੂੰ ਮਿਲੇ ਜੋ ਸਿੱਖ ਘਰ ਦਾ ਸ਼ਰਧਾਲੂ ਸੀ। ਇਸ ਤੋਂ ਬਾਅਦ ਗੁਰੂ ਸਾਹਿਬ ਧਮਧਾਨ ਪਹੁੰਚੇ। ਧਮਧਾਨ ਵਿਖੇ ਇਹ ਗੁਰੂ ਸਾਹਿਬ ਦਾ ਦੂਸਰਾ ਦੌਰਾ ਸੀ। ਇਸ ਦਾ ਕਾਰਨ ਇਹ ਸੀ ਕਿ ਗੁਰੂ ਸਾਹਿਬ ਇਸ ਨੂੰ ਸਿੱਖ ਮਤ ਦਾ ਇੱਕ ਪ੍ਰਸਿੱਧ ਧਰਮ ਪ੍ਰਚਾਰ ਕੇਂਦਰ ਬਣਾਉਣਾ ਚਾਹੁੰਦੇ ਸਨ। ਇੱਥੇ ਗੁਰੂ ਸਾਹਿਬ ਦੇ ਦੀਵਾਨ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਉਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ। ਸਿੱਖ ਧਰਮ ਦੇ ਇਸ ਵਧਦੇ ਹੋਏ ਪ੍ਰਚਾਰ ਨੂੰ ਔਰੰਗਜ਼ੇਬ ਸਹਿਣ ਨਾ ਕਰ ਸਕਿਆ। ਉਸ ਨੇ ਆਲਮ ਖ਼ਾਂ ਰੁਹੇਲਾ ਨੂੰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਧਮਧਾਨ ਭੇਜਿਆ। ਸਿੱਟੇ ਵਜੋਂ ਗੁਰੂ ਸਾਹਿਬ ਨੂੰ ਨਵੰਬਰ, 1665 ਈ. ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਦਿੱਲੀ ਲਿਆਂਦਾ ਗਿਆ।

- ਦਿੱਲੀ - ਦਿੱਲੀ ਪਹੁੰਚਣ 'ਤੇ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਔਰੰਗਜ਼ੇਬ ਗੁਰੂ ਸਾਹਿਬ ਨੂੰ ਮੌਤ ਦੀ ਸਜ਼ਾ ਦੇਣਾ ਚਾਹੁੰਦਾ ਸੀ ਪਰ ਅੰਬਰ ਦੇ ਰਾਜਾ ਰਾਮ ਸਿੰਘ ਦੇ ਇਹ ਕਹਿਣ 'ਤੇ ਕਿ ਗੁਰੂ ਸਾਹਿਬ ਇੱਕ ਸੰਤ ਹਨ ਅਤੇ ਸੰਤਾਂ ਨੂੰ ਸਜ਼ਾ ਦੇਣਾ ਬਾਦਸ਼ਾਹ ਨੂੰ ਸ਼ੋਭਾ ਨਹੀਂ ਦਿੰਦਾ ਉਸ ਨੇ ਇਹ ਸਜ਼ਾ ਨਾ ਦਿੱਤੀ। ਗੁਰੂ ਸਾਹਿਬ ਨੂੰ ਇੱਕ ਮਹੀਨਾ ਰਾਮ ਸਿੰਘ ਦੀ ਨਿਗਰਾਨੀ ਹੇਠ ਰੱਖਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਦਿੱਲੀ ਤੋਂ ਗੁਰੂ ਸਾਹਿਬ ਮਥੁਰਾ ਪਹੁੰਚੇ। ਇੱਥੇ ਗੁਰੂ ਸਾਹਿਬ ਨੇ ਧਰਮ ਪ੍ਰਚਾਰ ਕੀਤਾ ਅਤੇ ਸੰਗਤਾਂ ਨੂੰ ਕਈ ਉਪਦੇਸ਼ ਦਿੱਤੇ। ਜਿਸ ਜਗ੍ਹਾ ਗੁਰੂ ਸਾਹਿਬ ਠਹਿਰੇ ਸਨ ਉੱਥੇ ਅੱਜ-ਕਲ੍ਹ ਇੱਕ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਬਣਿਆ ਹੋਇਆ ਹੈ। ਆਪਣੀ ਮਥੁਰਾ ਯਾਤਰਾ ਦੇ ਦੌਰਾਨ ਗੁਰੂ ਸਾਹਿਬ ਬ੍ਰਿਦਾਬਨ ਵੀ ਗਏ।

- ਬਨਾਰਸ ਬਨਾਰਸ, ਜੋ ਕਿ ਹਿੰਦੂਆਂ ਦਾ ਇੱਕ ਪਵਿੱਤਰ ਤੀਰਥ ਸਥਾਨ ਹੈ , ਇਥੇ ਰੋਜ਼ਾਨਾ ਹਜ਼ਾਰਾਂ ਸਿੱਖ ਸੰਗਤ ਵੱਡੀ ਗਿਣਤੀ ਵਿੱਚ ਗੁਰੂ ਸਾਹਿਬ ਦੇ ਦਰਸ਼ਨਾਂ ਅਤੇ ਉਨ੍ਹਾਂ ਦੇ ਉਪਦੇਸ਼ ਸੁਣਨ ਲਈ ਹਾਜ਼ਰ ਹੁੰਦੀਆਂ ਸਨ। ਇਸ ਯਾਤਰਾ ਦੇ ਸਮੇਂ ਗੁਰੂ ਸਾਹਿਬ ਕਰਮਨਾਸ਼ ਨਦੀ 'ਤੇ ਵੀ ਗਏ। ਇੱਥੋਂ ਦੇ ਲੋਕਾਂ ਦਾ ਇਹ ਵਿਸ਼ਵਾਸ ਸੀ ਕਿ ਇਸ ਨਦੀ ਵਿੱਚ ਇਸ਼ਨਾਨ ਕਰਨ ਵਾਲੇ ਵਿਅਕਤੀ ਦੇ ਸਭ ਚੰਗੇ ਕਰਮ ਨਾਸ਼ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਆਪ ਇਸ ਨਦੀ ਵਿੱਚ ਇਸਨਾਨ ਕੀਤਾ ਤੇ ਕਿਹਾ ਕਿ ਨਦੀ ਵਿੱਚ ਇਸ਼ਨਾਨ ਕਰਨ ਨਾਲ ਕੁਝ ਨਹੀਂ ਹੁੰਦਾ। ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ ਉਸ ਨੂੰ ਉਹੋ ਜਿਹਾ ਹੀ ਫਲ ਮਿਲਦਾ ਹੈ। ਇਸ ਤਰ੍ਹਾਂ ਬਨਾਰਸ ਵਿੱਚ ਗੁਰੂ ਸਾਹਿਬ ਨੇ ਸੰਗਤਾਂ ਨੂੰ ਅੰਧ-ਵਿਸ਼ਵਾਸਾਂ ਨੂੰ ਤਿਆਗ ਕੇ ਸੱਚੇ ਮਨ ਨਾਲ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ।

- ਪਟਨਾ ਅਤੇ ਮੁੰਗੇਰ - 1666 ਈ: ਵਿਚ ਗੁਰੂ ਸਾਹਿਬ ਪਟਨਾ ਪਹੁਚੇ। ਪਟਨਾ ਦੇ ਲੋਕਾਂ ਨੇ ਬੜੇ ਹੀ ਉਤਸਾਹ ਦੇ ਨਾਲ ਗੁਰੂ ਸਾਹਿਬ ਦਾ ਸਵਾਗਤ ਕੀਤਾ। ਗੁਰੂ ਸਾਹਿਬ ਨੇ ਸੰਗਤਾਂ ਨੂੰ ਜੀਵਨ ਦਾ ਸਹੀ ਅਰਥ ਦੱਸਿਆ ਅਤੇ ਸਿੱਖ ਸਿਧਾਂਤਾਂ 'ਤੇ ਚਾਨਣਾ ਪਾਇਆ। ਆਪ ਨੇ ਪਟਨਾ ਨੂੰ ਗੁਰੂ ਦਾ ਘਰ ਕਹਿ ਕੇ ਨਿਵਾਜਿਆ। ਗੁਰੂ ਸਾਹਿਬ ਨੇ ਆਪਣੀ ਪਤਨੀ ਅਤੇ ਮਾਤਾ ਜੀ ਨੂੰ ਇੱਥੇ ਹੀ ਛੱਡਿਆ ਅਤੇ ਆਪ ਮੁੰਗੇਰ ਲਈ ਰਵਾਨਾ ਹੋ ਗਏ।

- ਆਸਾਮ - ਗੁਰੂ ਸਾਹਿਬ ਅੰਬਰ ਦੇ ਰਾਜਾ ਰਾਮ ਸਿੰਘ ਦੀ ਬੇਨਤੀ 'ਤੇ ਉਸ ਨਾਲ ਆਸਾਮ ਵੱਲ ਗਏ। ਆਸਾਮੀ ਲੋਕ ਜਾਦੂ-ਟੂਣਿਆਂ ਵਿੱਚ ਬਹੁਤ ਮਾਹਿਰ ਸਨ। ਇਨ੍ਹਾਂ ਦੇ ਡਰ ਤੋਂ ਮੁਗ਼ਲ ਫ਼ੌਜਾਂ ਹਰ ਵਾਰੀ ਆਸਾਮ ਦੇ ਸ਼ਾਸਕ ਤੋਂ ਹਾਰਦੀਆਂ ਸਨ। ਇਸ ਵਾਰ ਗੁਰੂ ਸਾਹਿਬ ਦੀ ਮੌਜੂਦਗੀ ਕਾਰਨ ਉਨ੍ਹਾਂ ਦੇ ਜਾਦੂ-ਟੂਣੇ ਸਭ ਅਸਫਲ ਹੋ ਗਏ ਤੇ ਉਨ੍ਹਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਹ ਆਪਣੇ ਜਾਦੂ-ਟੂਣੇ ਅਸਫਲ ਕਰਨ ਵਾਲੇ ਇਸ ਮਹਾਂਪੁਰਸ਼ ਦੇ ਦਰਸ਼ਨਾਂ ਲਈ ਆਏ ਅਤੇ ਉਨ੍ਹਾਂ ਤੋਂ ਆਪਣੀ ਭੁੱਲ ਬਖ਼ਸ਼ਾਈ। ਇਸ ਤੋਂ ਬਾਅਦ ਗੁਰੂ ਸਾਹਿਬ ਆਪਣੇ ਪਰਿਵਾਰ ਸਮੇਤ ਪੰਜਾਬ ਵਾਪਸ ਆ ਗਏ ਤੇ ਚੱਕ ਨਾਨਕੀ ਵਿਖੇ ਰਹਿਣ ਲੱਗੇ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

**ਯਾਤਰਾਵਾਂ ਦੇ ਮੁੱਖ ਉਦੇਸ਼ ਅਤੇ ਮਹੱਤਵ –**

- ਗੁਰੂ ਜੀ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਫੈਲਾਉਣਾ ਅਤੇ ਗੁਰਦੁਆਰਿਆਂ ਦੇ ਸਥਾਨਾਂ 'ਤੇ ਜਾ ਕੇ ਸੰਗਤ (ਭਾਈਚਾਰਿਆਂ) ਨੂੰ ਇਕਜੁੱਟ ਕਰਨਾ ਸੀ। ਗੁਰੂ ਜੀ ਨੇ ਕੁਰੂਕਸ਼ੇਤਰ ਵਰਗੇ ਸਥਾਨਾਂ 'ਤੇ ਇਸ਼ਨਾਨ ਅਤੇ ਖੋਖਲੇ ਰਸਮਾਂ ਦੀ ਬਜਾਏ, ਸੱਚੀ ਸ਼ੁੱਧਤਾ ਅਤੇ ਪਰਮਾਤਮਾ ਦੇ ਨਾਵਾਂ ਦੇ ਜਾਪ ਦੀ ਮਹੱਤਤਾ 'ਤੇ ਜ਼ੋਰ ਦਿੱਤਾ।
- ਆਪਣੀਆਂ ਯਾਤਰਾਵਾਂ ਦੌਰਾਨ ਓਹਨਾਂ ਨੇ ਖੂਹ ਪੁੱਟੇ, ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਚਲਾਏ ਅਤੇ ਲੋਕਾਂ ਨੂੰ ਨੈਤਿਕ ਅਤੇ ਅਧਿਆਤਮਿਕ ਮਾਰਗਦਰਸ਼ਨ ਪ੍ਰਦਾਨ ਕੀਤਾ।
- ਔਰੰਗਜ਼ੇਬ ਦੇ ਅੱਤਿਆਚਾਰਾਂ ਦੌਰਾਨ, ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਅੰਤ ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ, ਜਿਸ ਨਾਲ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਦਾ ਨਾਮ ਮਿਲਿਆ।
- ਉਹਨਾਂ ਨੇ ਹਰੇਕ ਮਨੁੱਖ ਲਈ ਸਮਾਨਤਾ, ਸਦਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਦਾ ਉਪਦੇਸ਼ ਦਿੱਤਾ ਅਤੇ ਦਿਖਾਇਆ ਕਿ ਸੱਚਾ ਧਰਮ ਸਮਾਜ ਦੀ ਸੇਵਾ ਸਿਖਾਉਂਦਾ ਹੈ, ਨਾ ਕਿ ਸਿਰਫ਼ ਕਰਮਕਾਂਡ। ਆਪ ਜੀ ਨੇ ਜ਼ਾਲਮ ਮੁਗ਼ਲ ਹਕੂਮਤ ਦੇ ਦੌਰ ਵਿੱਚ ਸਿੱਖਾਂ ਅਤੇ ਆਮ ਲੋਕਾਂ ਨੂੰ ਅਨਿਆਂ ਵਿਰੁੱਧ ਲੜਨ ਅਤੇ ਸਵੈਮਾਨ ਨਾਲ ਜਿਉਣ ਦਾ ਸੰਦੇਸ਼ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਪਵਿੱਤਰ ਯਾਤਰਾਵਾਂ ਸਿਰਫ਼ ਧਰਮ ਪ੍ਰਚਾਰ ਦੇ ਦੌਰੇ ਨਹੀਂ ਸਨ, ਸਗੋਂ ਇਹ ਅਧਿਆਤਮਕ ,ਨਿਰਭੈਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਸਿਧਾਂਤਾਂ 'ਤੇ ਅਧਾਰਿਤ ਇੱਕ ਵਿਸ਼ਾਲ ਲਹਿਰ ਸੀ। ਉਹਨਾਂ ਨੇ ਆਪਣੀ ਬਾਣੀ ਅਤੇ ਯਾਤਰਾਵਾਂ ਰਾਹੀਂ ਲੋਕਾਂ ਨੂੰ ਈਸ਼ਵਰ ਨਾਲ ਜੋੜਿਆ ਅਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਇੱਕ ਨਿਆਂ-ਪੂਰਨ ਸਮਾਜ ਦੀ ਨੀਂਹ ਰੱਖੀ। ਗੁਰੂ ਜੀ ਦੀਆਂ ਇਹ ਯਾਤਰਾਵਾਂ ਹੀ ਉਸ ਵਿਸ਼ਾਲ ਅਧਿਆਤਮਕ ਨੀਂਹ ਦਾ ਆਧਾਰ ਬਣੀਆਂ, ਜਿਸ 'ਤੇ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ।

**ਪੁਸਤਕ ਸੂਚੀ**

1. ਮ. ਗ. ਗੁਪਤਾ, ਹਿੰਦ ਦੀ ਚਾਦਰ, ਪੰਨਾ 5
2. ਸੰਤੋਖ ਸਿੰਘ ਜਗਦੇਵ, ਬਾਬਾਣੀਆ ਕਹਾਣੀਆ, ਪੰਨਾ 5
3. ਸ. ਪ੍ਰਿਥੀ ਸਿੰਘ, ਤੇਗ਼ ਬਹਾਦੁਰ ਸੀ ਕਿਰਿਆ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
4. ਦਲਵਿੰਦਰ ਸਿੰਘ (ਡਾ.), ਗੁਰੂ ਤੇਗ ਬਹਾਦੁਰ ਜੀ ਦੀਆਂ ਯਾਤਰਾਵਾਂ ਦਾ ਲੇਖ, ਸਿੱਖ ਫਿਲਾਸਫੀ ਵੈੱਬਸਾਈਟ ਨੇਟ
5. ਗਾਂਧੀ ਸੁਰਜੀਤ ਸਿੰਘ, 2007, ਸਿੱਖ ਗੁਰੂਆਂ ਦਾ ਇਤਹਾਸ


© Copyright @ Authors